Fred Hutchinson Cancer Center
University of Washington

# ਇੱਕ ਖੋਜ ਅਧਿਐਨ ਵਿੱਚ ਹਿੱਸਾ ਲੈਣ ਲਈ ਛੋਟੇ ਰੂਪ ਵਿੱਚ ਰਜ਼ਾਮੰਦੀ

ਪ੍ਰੋਟੋਕੋਲ ਨੰਬਰ: ____________________________________________

ਮੁੱਖ ਜਾਂਚਕਰਤਾ ਦਾ ਨਾਮ: ____________________________________

*ਜੇ ਤੁਸੀਂ ਇੱਕ ਕਾਨੂੰਨੀ ਤੌਰ ਤੇ ਅਧਿਕ੍ਰਿਤ ਪ੍ਰਤਿਨਿਧੀ ਵਜੋਂ ਸੇਵਾ ਕਰ ਰਹੇ ਹੋ ਜਾਂ ਮਾਪੇ/ਸਰਪ੍ਰਸਤ ਵਜੋਂ ਇਸ ਅਧਿਐਨ ਵਿੱਚ ਕਿਸੇ ਬੱਚੇ ਨੂੰ ਸ਼ਾਮਲ ਹੋਣ ਦੀ ਇਜਾਜ਼ਤ ਦਿੰਦੇ ਹੋ, ਤਾਂ "ਤੁਸੀਂ" ਅਤੇ "ਤੁਹਾਡਾ" ਸ਼ਬਦ ਉਸ ਵਿਅਕਤੀ ਨੂੰ ਦਰਸਾਉਂਦੇ ਹਨ ਜਿਸ ਲਈ ਤੁਸੀਂ ਸਹਿਮਤੀ ਜਾਂ ਮਾਤਾ-ਪਿਤਾ ਸਬੰਧੀ ਇਜਾਜ਼ਤ ਦਿੰਦੇ ਹੋ।*

**ਤੁਹਾਨੂੰ ਇੱਕ ਖੋਜ ਅਧਿਐਨ ਵਿੱਚ ਹਿੱਸਾ ਲੈਣ ਲਈ ਕਿਹਾ ਜਾ ਰਿਹਾ ਹੈ।** ਇਹ ਫੈਸਲਾ ਕਰਨ ਲਈ ਤੁਹਾਨੂੰ ਜਿੰਨਾਂ ਸਮਾਂ ਚਾਹੀਦਾ ਹੈ ਉਨਾਂ ਲਓ ਕਿ ਤੁਸੀਂ ਇਸ ਅਧਿਐਨ ਵਿਚ ਸ਼ਾਮਲ ਹੋਣਾ ਚਾਹੁੰਦੇ ਹੋ ਜਾਂ ਨਹੀਂ। ਤੁਸੀਂ ਆਪਣੇ ਵਿਕਲਪਾਂ ਬਾਰੇ ਜਿਸ ਨਾਲ ਵੀ ਚਾਹੋ, ਉਸ ਨਾਲ ਵਿਚਾਰ-ਵਟਾਂਦਰਾ ਕਰ ਸਕਦੇ ਹੋ।

ਇਸ ਤੋਂ ਪਹਿਲਾਂ ਕਿ ਤੁਸੀਂ ਇਹ ਫੈਸਲਾ ਕਰੋ ਕਿ ਤੁਸੀਂ ਇਸ ਅਧਿਐਨ ਵਿਚ ਸ਼ਾਮਲ ਹੋਣਾ ਚਾਹੁੰਦੇ ਹੋ ਜਾਂ ਨਹੀਂ, ਅਸੀਂ ਵੇਰਵਾਂ ਦਿਆਂਗੇ:

1. ਇਸ ਬਾਰੇ ਮੁੱਖ ਜਾਣਕਾਰੀ ਕਿ ਤੁਸੀਂ ਇਸ ਅਧਿਐਨ ਵਿੱਚ ਹਿੱਸਾ ਕਿਉਂ ਲੈਣਾ ਚਾਹ ਸਕਦੇ ਹੋ ਜਾਂ ਨਹੀਂ ਲੈਣਾ ਚਾਹ ਸਕਦੇ;
2. ਇਹ ਅਧਿਐਨ ਕਿਉਂ ਕੀਤਾ ਜਾ ਰਿਹਾ ਹੈ, ਅਧਿਐਨ ਦੌਰਾਨ ਕੀ ਹੋਵੇਗਾ, ਅਤੇ ਇਹ ਅਧਿਐਨ ਕਿੰਨੀ ਦੇਰ ਤੱਕ ਚਲੇਗਾ;
3. ਕਿਹੜੀਆਂ ਪ੍ਰਕਿਰਿਆਵਾਂ ਪ੍ਰਯੋਗਿਕ ਹਨ;
4. ਅਧਿਐਨ ਵਿੱਚ ਬਣੇ ਰਹਿਣ ਦੇ ਅਗਿਆਤ ਜੋਖਮ, ਅਸੁਵਿਧਾਵਾਂ, ਅਤੇ ਫਾਇਦੇ;
5. ਅਧਿਐਨ ਵਿੱਚ ਸ਼ਾਮਲ ਹੋਣ ਦੇ ਕੋਈ ਸੰਭਾਵੀ ਲਾਭਕਾਰੀ ਵਿਕਲਪ; ਅਤੇ
6. ਤੁਹਾਡੀ ਨਿੱਜਤਾ ਅਤੇ ਗੁਪਤਤਾ ਕਿਵੇਂ ਸੁਰੱਖਿਅਤ ਰੱਖੀ ਜਾਏਗੀ।

ਜਦੋਂ ਲਾਗੂ ਹੁੰਦਾ ਹੈ ਤਾਂ ਅਸੀਂ ਇਹ ਵੀ ਵੇਰਵਾ ਦਿਆਂਗੇ:

1. ਜੇ ਤੁਸੀਂ ਅਧਿਐਨ ਵਿੱਚ ਜ਼ਖਮੀ ਹੋ ਜਾਂਦੇ ਹੋ ਤਾਂ ਕੋਈ ਉਪਲਬਧ ਮੁਆਵਜ਼ੇ ਜਾਂ ਡਾਕਟਰੀ ਇਲਾਜ;
2. ਜਿਨ੍ਹਾਂ ਜੋਖਮਾਂ ਬਾਰੇ ਸਾਨੂੰ ਅਜੇ ਤੱਕ ਪਤਾ ਨਹੀਂ ਹੈ, ਉਨ੍ਹਾਂ ਦੀ ਸੰਭਾਵਨਾ;
3. ਤੁਹਾਨੂੰ ਅਧਿਐਨ ਤੋਂ ਕਿਉਂ ਹਟਾਇਆ ਜਾ ਸਕਦਾ ਹੈ;
4. ਅਧਿਐਨ ਵਿੱਚ ਹਿੱਸਾ ਲੈਣ ਦੀਆਂ ਕੋਈ ਲਾਗਤਾਂ;
5. ਜੇਕਰ ਤੁਸੀਂ ਅਧਿਐਨ ਛੱਡਣ ਦਾ ਫੈਸਲਾ ਕਰਦੇ ਹੋ ਤਾਂ ਕੀ ਹੁੰਦਾ ਹੈ;
6. ਜਦੋਂ ਤੁਸੀਂ ਅਧਿਐਨ ਨਾਲ ਸਬੰਧਤ ਨਵੀਆਂ ਲੱਭਤਾਂ ਬਾਰੇ ਸਿੱਖੋਗੇ;
7. ਅਧਿਐਨ ਲਈ ਕਿੰਨੇ ਲੋਕਾਂ ਨੂੰ ਲੈਣ ਦੀ ਯੋਜਨਾ ਬਣਾਈ ਗਈ ਹੈ;
8. ਅਧਿਐਨ ਵਿੱਚ ਅਤੇ ਭਵਿੱਖ ਵਿੱਚ ਹੋਣ ਵਾਲੀ ਖੋਜ ਲਈ ਤੁਹਾਡੀ ਜਾਣਕਾਰੀ ਅਤੇ ਬਾਇਓਸਪੈਸੀਮੇਨਸ (ਜਿਵੇਂ ਕਿ ਖ਼ੂਨ ਜਾਂ ਟਿਸ਼ੂ) ਦੀ ਵਰਤੋਂ ਕਿਵੇਂ ਕੀਤੀ ਜਾਏਗੀ, ਅਤੇ ਕੀ ਤੁਸੀਂ ਆਪਣੇ ਬਾਇਓਸਪੇਸੀਮੇਨ ਦੀ ਵਰਤੋਂ ਨਾਲ ਵਿਕਸਿਤ ਕੀਤੇ ਗਏ ਉਤਪਾਦਾਂ ਤੋਂ ਹੋਣ ਵਾਲੀ ਕਿਸੇ ਵੀ ਆਮਦਨ ਨੂੰ ਪ੍ਰਾਪਤ ਕਰੋਗੇ;
9. ਕੀ ਤੁਹਾਡੇ ਬਾਇਓਸਪੈਸੀਮੇਨਸ ਤੇ ਪੂਰੇ ਜੀਨੋਮ ਸੀਕ੍ਵੈਨਸਿੰਗ ਕੀਤੀ ਜਾ ਸਕਦੀ ਹੈ;
10. ਕੀ ਤੁਹਾਡੇ ਜਾਂ ਤੁਹਾਡੀ ਸਿਹਤ ਬਾਰੇ ਖੋਜ ਨਤੀਜਿਆਂ ਨੂੰ ਤੁਹਾਡੇ ਨਾਲ ਸਾਂਝਾ ਕੀਤਾ ਜਾਏਗਾ; ਅਤੇ
11. ਕੋਈ ਵੀ ਵੈਕਲਪਿਕ ਅਧਿਐਨ ਜਿਨ੍ਹਾਂ ਵਿੱਚ ਤੁਹਾਨੂੰ ਹਿੱਸਾ ਲੈਣ ਲਈ ਕਿਹਾ ਜਾ ਸਕਦਾ ਹੈ।

ਇਸਦੇ ਨਾਲ ਹੀ, ਜੇ ਅਧਿਐਨ ਨੂੰ clinicaltrials.gov ‘ਤੇ ਪੋਸਟ ਕੀਤੇ ਜਾਣ ਦੀ ਲੋੜ ਹੈ, ਤਾਂ ਅਸੀਂ ਵਿਆਖਿਆ ਕਰਾਂਗੇ ਕਿ:

ਜਿਵੇਂ ਕਿ ਅਮਰੀਕਾ ਦੇ ਕਾਨੂੰਨ ਅਨੁਸਾਰ ਲੋੜੀਂਦਾ ਹੈ, ਇਸ ਨੈਦਾਨਿਕ ਅਧਿਐਨ ਦਾ ਵੇਰਵਾ *http://www.ClinicalTrials.gov* ‘ਤੇ ਉਪਲਬਧ ਹੋਵੇਗਾ। ਵੈਬਸਾਈਟ ਵਿੱਚ ਅਜਿਹੀ ਕੋਈ ਜਾਣਕਾਰੀ ਸ਼ਾਮਲ ਨਹੀਂ ਹੋਵੇਗੀ ਜਿਸ ਤੋਂ ਤੁਹਾਡੀ ਪਛਾਣ ਕੀਤੀ ਜਾ ਸਕੇ। ਵੱਧ ਤੋਂ ਵੱਧ, ਵੈਬਸਾਈਟ ਵਿੱਚ ਨਤੀਜਿਆਂ ਦਾ ਇੱਕ ਵੇਰਵਾ ਸ਼ਾਮਲ ਹੋਵੇਗਾ। ਤੁਸੀਂ ਇਸ ਵੈਬਸਾਈਟ ਦੀ ਭਾਲ ਕਿਸੇ ਵੇਲੇ ਵੀ ਕਰ ਸਕਦੇ ਹੋ।

**ਤੁਹਾਡੇ ਅਧਿਕਾਰ**

ਤੁਹਾਡਾ ਇਸ ਅਧਿਐਨ ਵਿੱਚ ਹਿੱਸਾ ਲੈਣ ਲਈ ਇਜਾਜ਼ਤ ਦੇਣਾ ਜ਼ਰੂਰੀ ਨਹੀਂ ਹੈ। ਤੁਸੀਂ ਬੇਫ਼ਿਕਰ ਹੋ ਕੇ ਹਾਂ ਜਾਂ ਨਹੀਂ ਕਹਿ ਸਕਦੇ ਹੋ। ਜੇ ਤੁਸੀਂ ਇਸ ਅਧਿਐਨ ਵਿੱਚ ਸ਼ਾਮਲ ਹੁੰਦੇ ਹੋ, ਤਾਂ ਤੁਹਾਡਾ ਇਸ ਵਿੱਚ ਬਣੇ ਰਹਿਣਾ ਜ਼ਰੂਰੀ ਨਹੀਂ ਹੈ। ਤੁਸੀਂ ਕਿਸੇ ਵੀ ਵੇਲੇ ਇਸ ਵਿੱਚ ਹਿੱਸਾ ਲੈਣ ਨੂੰ ਰੋਕ ਸਕਦੇ ਹੋ (ਭਾਵੇਂ ਸ਼ੁਰੂ ਵੀ ਨਾ ਕੀਤਾ ਹੋਵੇ)। ਨਾਂਹ ਕਹਿਣ ਜਾਂ ਰੋਕਣ ਲਈ ਕੋਈ ਜ਼ੁਰਮਾਨਾ ਨਹੀਂ ਹੈ। ਤੁਹਾਡੀ ਨਿਯਮਤ ਡਾਕਟਰੀ ਦੇਖਭਾਲ ਵਿੱਚ ਕੋਈ ਤਬਦੀਲੀ ਨਹੀਂ ਹੋਵੇਗੀ।

ਜੇ ਤੁਸੀਂ ਅਧਿਐਨ ਵਿੱਚ ਰਹਿਣ ਕਰਕੇ ਬਿਮਾਰ ਹੋ ਜਾਂਦੇ ਹੋ ਜਾਂ ਸੱਟ ਲੱਗ ਜਾਂਦੀ ਹੈ, ਤਾਂ ਤੁਸੀਂ ਇਸ ਫਾਰਮ 'ਤੇ ਦਸਤਖ਼ਤ ਕਰਕੇ ਭੁਗਤਾਨ ਦੀ ਮੰਗ ਕਰਨ ਦੇ ਤੁਹਾਡੇ ਕਿਸੇ ਵੀ ਕਨੂੰਨੀ ਅਧਿਕਾਰ ਨੂੰ ਨਹੀਂ ਗੁਆਉਂਗੇ।

ਜੇ ਤੁਸੀਂ ਸ਼ਾਮਲ ਹੋਣ ਲਈ ਸਹਿਮਤ ਹੁੰਦੇ ਹੋ, ਤਾਂ ਤੁਹਾਨੂੰ ਇਸ ਫਾਰਮ ਦੀ ਇੱਕ ਕਾਪੀ ਅਤੇ ਅਧਿਐਨ ਲਈ ਅੰਗਰੇਜ਼ੀ-ਭਾਸ਼ਾ ਵਿੱਚ ਸਹਿਮਤੀ ਫਾਰਮ ਦੀ ਇੱਕ ਕਾਪੀ ਮਿਲੇਗੀ।

**ਹੋਰ ਜਾਣਕਾਰੀ ਲਈ**

ਜੇ ਤੁਹਾਡੇ ਅਧਿਐਨ ਜਾਂ ਅਧਿਐਨ ਨਾਲ ਸੰਬੰਧਤ ਸੱਟ ਬਾਰੇ ਸਵਾਲ ਹਨ ਤਾਂ ਤੁਸੀਂ ਮੁੱਖ ਜਾਂਚਕਰਤਾ ________________________ __________ ਨਾਲ _________________________________ ‘ਤੇ ਕਿਸੇ ਵੀ ਵੇਲੇ ਸੰਪਰਕ ਕਰ ਸਕਦੇ ਹੋ।

ਜੇ ਇੱਕ ਖੋਜ ਪ੍ਰਤੀਭਾਗੀ ਵਜੋਂ ਆਪਣੇ ਅਧਿਕਾਰਾਂ ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ ਤੁਸੀਂ Fred Hutchinson Cancer Center ਵਿਖੇ Institutional Review Office ਦੀ ਨਿਦੇਸ਼ਕਾ ਨਾਲ ਫ਼ੋਨ ਦੁਆਰਾ 206.667.5900 ‘ਤੇ ਜਾਂ ਈਮੇਲ ਦੁਆਰਾ irodirector@fredhutch.org ‘ਤੇ ਵੀ ਸੰਪਰਕ ਕਰ ਸਕਦੇ ਹੋ।

**ਦਸਤਖ਼ਤ**

ਜੇ ਤੁਸੀਂ ਇਸ ਫਾਰਮ ‘ਤੇ ਦਸਤਖ਼ਤ ਕਰਦੇ ਹੋ, ਤਾਂ ਇਸਦਾ ਮਤਲਬ ਹੈ ਕਿ ਅਸੀਂ ਤੁਹਾਨੂੰ ਇਸ ਅਧਿਐਨ ਬਾਰੇ ਸਾਰਾ ਵੇਰਵਾ ਦੇ ਦਿੱਤਾ ਹੈ, ਅਤੇ ਤੁਸੀਂ ਸਵੈ-ਇਛਾ ਨਾਲ ਇਸ ਵਿੱਚ ਹਿੱਸਾ ਲੈਣ ਲਈ ਤਿਆਰ ਹੋ।

_____________________________________________ ________________

ਭਾਗੀਦਾਰ ਦਾ ਪ੍ਰਿੰਟ ਕੀਤਾ ਹੋਇਆ ਨਾਮ ਅਤੇ ਦਸਤਖਤ ਜਾਂ ਕਾਨੂੰਨੀ ਤੌਰ ਤੇ ਅਧਿਕਾਰ ਪ੍ਰਾਪਤ ਪ੍ਰਤੀਨਿਧੀ, ਜੇ ਲਾਗੂ ਹੁੰਦਾ ਹੈ — ਤਾਰੀਖ਼

_________________________________________________________________

ਕਾਨੂੰਨੀ ਤੌਰ ਤੇ ਅਧਿਕ੍ਰਤ ਪ੍ਰਤੀਨਿਧੀ ਦੇ ਸਹਿਭਾਗੀ ਨਾਲ ਸਬੰਧ, ਜੇ ਲਾਗੂ ਹੁੰਦਾ ਹੈ

_____________________________________________ ________________

ਦੁਭਾਸ਼ਿਏ/ਗਵਾਹ ਦਾ ਪ੍ਰਿੰਟ ਕੀਤਾ ਹੋਇਆ ਨਾਮ ਅਤੇ ਦਸਤਖ਼ਤ — ਤਾਰੀਖ਼